# Special ASEAN-India Foreign Ministers' Meeting

June 09, 2022

...................

## ਆਸੀਆਨ-ਭਾਰਤ ਦੇ ਵਿਦੇਸ਼ ਮੰਤਰੀਆਂ ਦੀ ਵਿਸ਼ੇਸ਼ ਮੀਟਿੰਗ

## 9 ਜੂਨ, 2022

1. ਸਾਡੇ ਸੰਵਾਦਗਤ ਸਬੰਧਾਂ ਦੀ 30ਵੀਂ ਵਰ੍ਹੇਗੰਢ ਅਤੇ ਆਸੀਆਨ ਨਾਲ ਸਾਡੀ ਰਣਨੀਤਕ ਭਾਈਵਾਲੀ ਦੀ 10ਵੀਂ ਵਰ੍ਹੇਗੰਢ ਮਨਾਉਣ ਲਈ ਭਾਰਤ 16-17 ਜੂਨ 2022 ਨੂੰ ਆਸੀਆਨ-ਭਾਰਤ ਦੇ ਵਿਦੇਸ਼ ਮੰਤਰੀਆਂ ਦੀ ਵਿਸ਼ੇਸ਼ ਮੀਟਿੰਗ (SAIFMM) ਦੀ ਮੇਜ਼ਬਾਨੀ ਕਰੇਗਾ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਸਿੰਗਾਪੁਰ ਗਣਰਾਜ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਾਨ ਵਿਵਿਅਨ ਬਾਲਾਕ੍ਰਿਸ਼ਨਨ ਅਤੇ ਭਾਰਤ ਦੇ ਕੰਟਰੀ ਕੋਆਰਡੀਨੇਟਰ ਇਸ ਮੀਟਿੰਗ ਦੀ ਸਹਿ-ਪ੍ਰਧਾਨਗੀ ਕਰਨਗੇ। ਆਸੀਆਨ ਦੇ ਹੋਰ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀ ਅਤੇ ਆਸੀਆਨ ਦੇ ਸਕੱਤਰ ਜਨਰਲ SAIFMM ਵਿੱਚ ਹਿੱਸਾ ਲੈਣਗੇ। ਸਾਲ 2022 ਨੂੰ ਆਸੀਆਨ-ਭਾਰਤ ਮਿੱਤਰਤਾ ਦਾ ਦਰਜਾ ਦਿੱਤਾ ਗਿਆ ਹੈ।

2. ਆਸੀਆਨ-ਭਾਰਤ ਸੰਵਾਦ ਸਬੰਧਾਂ ਦੀ ਸ਼ੁਰੂਆਤ 1992 ਵਿੱਚ ਖੇਤਰੀ ਭਾਈਵਾਲੀ ਦੀ ਸਥਾਪਨਾ ਨਾਲ ਹੋਈ ਜੋ ਵਧਕੇ ਦਸੰਬਰ, 1995 ਵਿੱਚ ਸੰਪੂਰਨ ਸੰਵਾਦ ਭਾਈਵਾਲੀ, 2002 ਵਿੱਚ ਸਿਖਰ ਸੰਮੇਲਨ ਪੱਧਰੀ ਭਾਈਵਾਲੀ ਅਤੇ 2012 ਵਿੱਚ ਰਣਨੀਤਕ ਭਾਈਵਾਲੀ ਬਣ ਗਈ। ਅੱਜ ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਮਜ਼ਬੂਤ ਨੀਂਹ ਤੇ ਖੜੀ ਹੈ। ਆਸੀਆਨ ਭਾਰਤ ਦੀ ਐਕਟ ਈਸਟ ਨੀਤੀ ਅਤੇ ਵਿਸ਼ਾਲ ਹਿੰਦ-ਪ੍ਰਸ਼ਾਂਤ ਖੇਤਰ ਪ੍ਰਤੀ ਇਸਦੇ ਨਜ਼ਰੀਏ ਦੀ ਧੁਰੀ  ਹੈ। ਇਸ ਬਹੁ-ਪੱਖੀ ਭਾਈਵਾਲੀ ਵਿੱਚ ਕਈ ਖੇਤਰੀ ਸੰਵਾਦ ਤੰਤਰ ਅਤੇ ਕਾਰਜ ਸਮੂਹ ਸ਼ਾਮਲ ਹਨ ਜੋ ਵੱਖ-ਵੱਖ ਪੱਧਰਾਂ 'ਤੇ ਬਾਕਾਇਦਾ ਮਿਲਦੇ ਹਨ, ਜਿਨ੍ਹਾਂ ਵਿਚ ਸਾਲਾਨਾ ਸਿਖਰ ਸੰਮੇਲਨ, ਮੰਤਰੀ ਪੱਧਰੀ ਅਤੇ ਸੀਨੀਅਰ ਅਧਿਕਾਰੀਆਂ ਦੀਆਂ ਮੀਟਿੰਗਾਂ ਸ਼ਾਮਲ ਹਨ। ਮੌਜੂਦਾ ਭਾਰਤ-ਆਸੀਆਨ ਸਹਿਯੋਗ ਨੂੰ ਕਾਰਜ ਯੋਜਨਾ 2021-2025 ਰਾਹੀਂ ਸੇਧ ਮਿਲਦੀ ਹੈ ਜੋ 2020 ਵਿੱਚ ਅਪਣਾਈ ਗਈ ਸੀ।

3. ASEAN-ਭਾਰਤ ਵਿਦੇਸ਼ ਮੰਤਰੀਆਂ ਦੀ ਮੀਟਿੰਗ (FMM), ਜਿਸ ਦੀ ਮੇਜ਼ਬਾਨੀ ASEAN ਪ੍ਰਧਾਨ ਦੁਆਰਾ ਕੀਤੀ ਜਾਂਦੀ ਹੈ, ਸਾਲਾਨਾ ਸਮਾਗਮ ਹੈ, SAIFMM ਨਵੀਂ ਦਿੱਲੀ ਵਿਖੇ ਭਾਰਤ ਦੁਆਰਾ ਕਰਾਈ ਜਾਣ ਵਾਲੀ ਪਹਿਲੀ ASEAN-ਭਾਰਤ FMM ਹੋਵੇਗੀ। SAIFMM 15 ਜੂਨ, 2022 ਨੂੰ 24ਵੀਂ ਆਸੀਆਨ-ਭਾਰਤ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਤੋਂ ਪਹਿਲਾਂ ਹੋਵੇਗੀ।

4. ਆਸੀਆਨ-ਇੰਡੀਆ ਕੈਲੰਡਰ ਵਿੱਚ ਮੁੱਖ ਟੈਕ 1.5 ਡਾਇਲਾਗ SAIFMM ਦੇ ਨਾਲ ਨਾਲ ਦਿੱਲੀ ਡਾਇਲਾਗ ਦਾ 12ਵੇਂ ਸੰਸਕਰਨ ਹੋਵੇਗਾ, ਜਿਸ ਦੀ ਮੇਜ਼ਬਾਨੀ ਭਾਰਤ ਦੁਆਰਾ 16-17 ਜੂਨ 2022 ਨੂੰ ਕੀਤੀ ਜਾਵੇਗੀ। DD-XII ਦਾ ਵਿਸ਼ਾ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਪੁਲ ਬਣਾਉਣਾ ਹੈ। ਹਿੰਦ-ਪ੍ਰਸ਼ਾਂਤ DD-XII ਦੇ ਮੰਤਰੀ ਪੱਧਰੀ ਸੈਸ਼ਨ ਵਿੱਚ ਵਿਦੇਸ਼ ਮੰਤਰੀ  ਅਤੇ ਆਸੀਆਨ ਦੇ ਮੰਤਰੀ ਸ਼ਾਮਲ ਹੋਣਗੇ।

ਨਵੀਂ ਦਿੱਲੀ

9 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release